ਜਲੰਧਰ ਅਜੀਤ
ਅਜੀਤ, ਜਲੰਧਰ
ਬੁੱਧਵਾਰ, 29 ਅਕਤੂਬਰ 2025
8

# ਲੋਹੀਆਂ 'ਚ 'ਅੱਧੀ ਟੁੱਟੀ ਸੋਨੇ ਦੀ ਚੇਨੀ' ਤੁਲਵਾਉਣੀ 2 ਨੌਜਵਾਨਾਂ ਨੂੰ ਪਈ ਮਹਿੰਗੀ

***80 ਸਾਲਾ ਸੁਨਿਆਰੇ ਬਾਬੇ ਨੇ ਜਦੋਂ ਪਾਇਆ ਘੇਰਾ ਤਾਂ ਦੋਵੇਂ ਨੌਜਵਾਨ ਚੇਨੀ ਛੱਡ ਕੇ ਪਿਛਲੇ ਪੈਰੀਂ ਦੌੜੇ**
***ਸੋਨੇ ਦੀ ਚੇਨੀ ਲੋਹੀਆਂ ਦੇ ਥਾਣਾ ਮੁਖੀ ਗੁਰਸ਼ਰਨ ਸਿੰਘ ਦੇ ਹਵਾਲੇ ਕੀਤੀ-ਸਰਪੰਚ ਜਸਬੀਰ ਸਿੰਘ ਛਾਬੜਾ**

ਲੋਹੀਆਂ ਖਾਸ, 28 ਅਕਤੂਬਰ (ਗੁਰਪਾਲ ਸਿੰਘ ਸ਼ਤਾਬਗੜ੍ਹ, ਕੁਲਦੀਪ ਸਿੰਘ ਖਾਲਸਾ)-ਕਹਾਵਤ ਤਾਂ ਹੈ ਕਿ 'ਚੋਰਾਂ ਨੂੰ ਮੋਰ ਤੇ ਮੋਰਾਂ ਨੂੰ ਹੋਰ' ਪਰ ਇਥੇ 'ਨਾ ਕੋਈ ਚੋਰ, ਨਾ ਮੋਰ ਤੇ ਨਾ ਹੀ ਹੋਰ' ਸਾਰੇ ਜਾਣੇ ਪਹਿਚਾਣੇ ਹੀ ਹਨ। ਘਟਨਾ ਹੈ ਸਟੇਸ਼ਨ ਰੋਡ ਸਾਹਮਣੇ ਪੈਂਦੇ ਬਜ਼ਾਰ ਦੀ, ਸੁਨਿਆਰੇ ਦੀ ਇੱਕ ਦੁਕਾਨ ਕਰਦੇ ਬਜ਼ੁਰਗ ਆਗੂ ਸਰਪੰਚ ਜਸਬੀਰ ਸਿੰਘ ਛਾਬੜਾ ਨੇ ਦੱਸਿਆ ਕਿ ਉਹ ਆਪਣੀ ਦੁਕਾਨ ਬੈਠੇ ਸਨ ਕਿ 2 ਨੌਜਵਾਨ ਆਏ ਅਤੇ ਆਪਣੇ ਕੋਲੋਂ ਇੱਕ ਸੋਨੇ ਦੀ ਚੇਨੀ ਕੱਢ ਕੇ ਉਸ ਨੂੰ ਤੋਲਣ ਲਈ ਕਹਿਣ ਲੱਗੇ, ਜਦੋਂ ਮੈਂ ਉਹ ਚੇਨੀ ਫੜ੍ਹੀ ਅਤੇ ਤੋਲੀ ਤਾਂ ਦੇਖਿਆ ਤਾਂ ਚੇਨੀ ਅੱਧੀ ਟੁੱਟੀ ਹੋਈ ਸੀ, ਇਸ ਦੌਰਾਨ ਮੈਂ ਵਜ਼ਨ ਦੱਸ ਦਿੱਤਾ ਅਤੇ ਉਨ੍ਹਾਂ ਚੇਨੀ ਵਾਪਸ ਮੰਗਣੀ ਸ਼ੁਰੂ ਕਰ ਦਿੱਤੀ, ਪਰ ਮੈਨੂੰ ਮਾਮਲਾ ਸ਼ੱਕੀ ਲੱਗਣ ਲੱਗਾ 'ਤੇ ਮੈਂ ਉਨ੍ਹਾਂ ਨੂੰ ਕਿਹਾ ਕਿ 'ਬਾਕੀ ਚੇਨੀ ਲੈ ਆਓ, 'ਤੇ ਇਹ ਚੇਨੀ ਵੀ ਲੈ ਜਾਓ' ਜਿਸ 'ਤੇ ਉਹ ਦੋਵੇਂ ਨੌਜਵਾਨ ਥਿੜਕ ਗਏ ਅਤੇ 'ਇੱਧਰਲੀਆਂ, ਉੱਧਰਲੀਆਂ' ਮਾਰਨ ਲੱਗੇ। ਇਸੇ ਦੌਰਾਨ ਜਦੋਂ ਮੈਂ ਪੁਲਿਸ ਨੂੰ ਫੋਨ ਲਗਾਇਆ ਤਾਂ ਉਨ੍ਹਾਂ ਨੇ ਮੇਰੀ ਜੈਕਟ ਦੀ ਜੇਬ 'ਚੋਂ ਚੇਨੀ ਕੱਢਣ ਦੀ ਨਾਕਾਮਯਾਬ ਕੋਸ਼ਿਸ਼ ਕੀਤੀ ਅਤੇ ਮੇਰੀ ਬਾਂਹ ਨੂੰ ਮਰੋੜਦੇ ਹੋਏ ਮੇਰੇ ਗੱਲੇ ਦਾ ਹੈਂਡਲ ਆਦਿ ਤੋੜਦੇ ਹੋਏ ਅੰਦਰੋਂ ਚਾਂਦੀ ਦੇ ਕੁੱਝ ਗਹਿਣੇ ਲੈ ਕੇ ਅਤੇ ਆਪਣੀ ਚੇਨੀ ਛੱਡ ਕੇ ਪਿਛਲੇ ਪੈਰੀਂ ਦੌੜ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਹ ਚੇਨੀ ਥਾਣਾ ਲੋਹੀਆਂ ਦੇ ਮੁਖੀ ਗੁਰਸ਼ਰਨ ਸਿੰਘ ਨੂੰ ਥਾਣੇ ਜਾ ਕੇ ਫੜਾ ਦਿੱਤੀ ਅਤੇ ਇਨ੍ਹਾਂ 'ਅਨਜਾਣ ਨੌਜਵਾਨਾਂ' ਦੀ ਜਾਣਕਾਰੀ ਲੱਭਣ ਦੀ ਅਪੀਲ ਕੀਤੀ ਹੈ, ਤਾਂ ਕਿ ਉਨ੍ਹਾਂ ਨੂੰ 'ਚੇਨੀ' ਸੌਂਪੀ ਜਾ ਸਕੇ।


ਲੋਹੀਆਂ ਵਿਖੇ ਆਪਣੀ ਦੁਕਾਨ ਦੇ ਗੱਲੇ ਦਾ ਟੁੱਟਿਆ ਹੈਂਡਲ ਦਿਖਾਉਂਦੇ ਹੋਏ ਅਤੇ (ਸੱਜੇ) ਸੋਨੇ ਦੀ ਅੱਧੀ ਟੁੱਟੀ ਹੋਈ ਚੇਨੀ ਦਿਖਾਉਂਦੇ 80 ਸਾਲਾ ਸਰਪੰਚ ਜਸਬੀਰ ਸਿੰਘ ਛਾਬੜਾ। ਤਸਵੀਰ : ਗੁਰਪਾਲ ਸਿੰਘ ਸ਼ਤਾਬਗੜ੍ਹ

# ਲੋਹੀਆਂ ਪੁਲਿਸ ਵਲੋਂ ਪਿੰਡ ਦੀ ਨਾਬਾਲਗ ਲੜਕੀ ਨੂੰ ਭਜਾਉਣ ਵਾਲੇ ਨੌਜਵਾਨ, ਉਸਦੇ ਮਾਤਾ, ਪਿਤਾ ਤੇ ਮਾਮੇ ਖ਼ਿਲਾਫ਼ ਪਰਚਾ ਦਰਜ

**ਨੌਜਵਾਨ, ਉਸ ਦੀ ਮਾਂ ਤੇ ਮਾਮੇ ਨੂੰ ਜੇਲ੍ਹ ਭੇਜਿਆ, ਪਿਤਾ ਫ਼ਰਾਰ, ਛਾਪੇਮਾਰੀ ਜਾਰੀ-ਥਾਣਾ ਮੁਖੀ ਗੁਰਸ਼ਰਨ ਸਿੰਘ**

ਲੋਹੀਆਂ ਖਾਸ, 28 ਅਕਤੂਬਰ (ਗੁਰਪਾਲ ਸਿੰਘ ਸ਼ਤਾਬਗੜ੍ਹ, ਕੁਲਦੀਪ ਸਿੰਘ ਖਾਲਸਾ)-ਆਪਣੇ ਹੀ ਪਿੰਡ ਦੀ ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਆਪਣੇ ਨਾਲ ਭਜਾ ਕੇ ਲੈ ਜਾਣ ਵਾਲੇ ਨੌਜਵਾਨ, ਉਸ ਦੀ ਮਾਤਾ, ਪਿਤਾ 'ਤੇ ਭਜਾਉਣ 'ਚ ਮਦਦ ਕਰਨ ਵਾਲੇ ਉਸਦੇ ਮਾਮੇ ਖਿਲਾਫ਼ ਥਾਣਾ ਲੋਹੀਆਂ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਕਥਿਤ ਦੋਸ਼ੀਆਂ 'ਚੋਂ ਨੌਜਵਾਨ, ਉਸ ਦੀ ਮਾਤਾ ਅਤੇ ਭਜਾਉਣ 'ਚ ਮਦਦ ਕਰਨ ਵਾਲੇ ਉਸਦੇ ਮਾਮੇ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਜਦਕਿ ਨੌਜਵਾਨ ਦਾ ਪਿਤਾ ਅਜੇ ਵੀ ਫਰਾਰ ਚੱਲ ਰਿਹਾ ਦੱਸਿਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਪੁਲਿਸ ਥਾਣਾ ਲੋਹੀਆਂ ਦੇ ਮੁੱਖੀ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਪਿੰਡ ਬਾਦਸ਼ਾਹਪੁਰ ਦੀ ਇੱਕ ਨਾਬਾਲਗ ਲੜਕੀ ਦੀ ਮਾਂ ਨੇ ਦੋਸ਼ ਲਗਾਇਆ ਸੀ ਕਿ ਵਿਸ਼ਾਲ ਪੁੱਤਰ ਜਰਨੈਲ ਸਿੰਘ ਵਾਸੀ ਬਾਦਸ਼ਾਹ ਪੁਰ ਥਾਣਾ ਲੋਹੀਆਂ ਜੋ ਉਸ ਦੇ ਘਰ ਤੋਂ ਥੋੜ੍ਹੀ ਦੂਰੀ 'ਤੇ ਹੀ ਰਹਿੰਦਾ ਸੀ, ਅਕਸਰ ਉਸਦੀ ਲੜਕੀ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਸੀ ਤੇ ਉਸ ਨੂੰ ਵਿਆਹ ਕਰਾਉਣ ਦਾ ਕਹਿੰਦਾ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਲੜਕੇ ਦੀ ਇਸ ਹਰਕਤ ਬਾਰੇ ਕਈ ਵਾਰ ਉਸ ਦੇ ਮਾਪਿਆਂ ਨੂੰ ਵੀ ਦੱਸਿਆ ਗਿਆ ਸੀ, ਪਰ ਵਿਸ਼ਾਲ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਇਆ 'ਤੇ ਉਹ ਉਨ੍ਹਾਂ ਦੀ ਬੇਟੀ ਨੂੰ 26 ਸਤੰਬਰ 2025 ਨੂੰ ਵਰਗਲ਼ਾ ਕਿ ਕਿਧਰੇ ਲੈ ਗਿਆ। ਉਨ੍ਹਾਂ ਕਿਹਾ ਕਿ ਲੜਕੀ ਦੀ ਮਾਂ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਕਥਿਤ ਦੋਸ਼ੀ ਵਿਸ਼ਾਲ ਦੀ ਮਾਤਾ ਸ਼ਿੰਦਰ ਕੌਰ, ਪਿਤਾ ਜਰਨੈਲ ਸਿੰਘ ਵਾਸੀ ਬਾਦਸ਼ਾਹ ਪੁਰ ਅਤੇ ਉਸ ਦੇ ਮਾਮੇ ਹਰਜਿੰਦਰ ਸਿੰਘ ਉਰਫ ਬਾਸ਼ ਪੁੱਤਰ ਦਰਬਾਰਾ ਸਿੰਘ ਵਾਸੀ ਨਿਹਾਲੂਵਾਲ ਥਾਣਾ ਲੋਹੀਆਂ 'ਤੇ ਵੀ ਲੜਕੀ ਨੂੰ ਭਜਾਉਣ 'ਚ ਪੂਰਾ ਹੱਥ ਹੋਣ ਬਾਰੇ ਦੱਸਿਆ ਹੈ। ਜਦਕਿ ਉਕਤ ਲੜਕੀ ਦੋ ਦਿਨਾਂ ਬਾਅਦ ਘਰ ਵਾਪਸ ਪਰਤ ਆਈ ਸੀ, ਲੇਕਿਨ ਵਿਸ਼ਾਲ ਦੁਬਾਰਾ ਉਸ ਨੂੰ ਵਰਗਲ਼ਾ ਕੇ ਲੈ ਗਿਆ। ਥਾਣਾ ਲੋਹੀਆਂ ਦੇ ਮੁਖੀ ਗੁਰਸ਼ਰਨ ਸਿੰਘ ਨੇ ਕਿਹਾ ਕਿ ਇਸ ਸਬੰਧੀ ਮਾਮਲਾ ਦਰਜ ਕਰਕੇ ਕਥਿਤ ਦੋਸ਼ੀ ਵਿਸ਼ਾਲ, ਉਸਦੀ ਮਾਤਾ ਸ਼ਿੰਦਰ ਕੌਰ ਅਤੇ ਉਸਦੇ ਮਾਮੇ ਹਰਜਿੰਦਰ ਸਿੰਘ ਨੂੰ ਕਾਬੂ ਕਰਕੇ ਜੇਲ ਭੇਜ ਦਿੱਤਾ ਗਿਆ ਹੈ, ਜਦਕਿ ਉਸਦਾ ਪਿਤਾ ਜਰਨੈਲ ਸਿੰਘ ਅਜੇ ਫਰਾਰ ਹੈ। ਉਨ੍ਹਾਂ ਕਿਹਾ ਕਿ ਲੜਕੀ ਨਾਬਾਲਗ ਹੈ, ਜਿਸ ਕਾਰਨ ਉਸਨੂੰ ਨਾਰੀ ਨਿਕੇਤਨ ਭੇਜ ਦਿੱਤਾ ਗਿਆ ਹੈ।


ਥਾਣਾ ਲੋਹੀਆਂ ਦੇ ਮੁਖੀ ਗੁਰਸ਼ਰਨ ਸਿੰਘ ਜਾਣਕਾਰੀ ਦਿੰਦੇ ਹੋਏ। ਤਸਵੀਰ : ਗੁਰਪਾਲ ਸਿੰਘ ਸ਼ਤਾਬਗੜ੍ਹ

# ਠੇਕੇਦਾਰਾਂ ਨੂੰ ਰਾਮਾ ਮੰਡੀ ਮਾਰਕੀਟ 'ਚੋਂ ਸਵੇਰੇ 7 ਵਜੇ ਕੂੜਾ ਚੁੱਕਣ ਦੀਆਂ ਹਦਾਇਤਾਂ

ਜਲੰਧਰ ਛਾਉਣੀ, 28 ਅਕਤੂਬਰ (ਪਵਨ ਖਰਬੰਦਾ)-ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਢਿੱਲੋਂ ਵਲੋਂ ਅੱਜ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਰਾਮਾ ਮੰਡੀ ਮਾਰਕੀਟ ਵਿਖੇ ਚੈਕਿੰਗ ਕੀਤੀ ਗਈ। ਇਸ ਦੌਰਾਨ ਸਾਹਮਣੇ ਆਇਆ ਕਿ ਠੇਕੇਦਾਰਾਂ ਵਲੋਂ ਉਪਲਬਧ ਕਰਵਾਈਆਂ ਗਈਆਂ ਟਰਾਲੀਆਂ ਸਵੇਰੇ ਕਰੀਬ 9 ਵਜੇ ਕੰਮ ਆਰੰਭ ਕਰਦੀਆਂ ਹਨ। ਜਿਸ ਕਾਰਨ ਸਫਾਈ ਵਿਵਸਥਾ ਠੀਕ ਤਰ੍ਹਾਂ ਨਹੀਂ ਹੋ ਪਾ ਰਹੀ ਹੈ। ਉਨ੍ਹਾਂ ਹਦਾਇਤਾਂ ਦਿੱਤੀਆਂ ਕਿ ਸਫਾਈ ਕਰਮਚਾਰੀ ਸਵੇਰੇ 7 ਵਜੇ ਆਪਣਾ ਕੰਮ ਆਰੰਭ ਕਰ ਦਿੰਦੇ ਹਨ, ਜਦੋਂ ਕਿ ਕੂੜਾ ਚੁੱਕਣ ਵਾਲੀਆਂ ਟਰਾਲੀਆਂ ਵੀ ਸਵੇਰੇ 7 ਵਜੇ ਵਾਰਡਾਂ ਅਤੇ ਸੜਕਾਂ 'ਤੇ ਆਉਣੀਆਂ ਚਾਹੀਦੀਆਂ ਹਨ। ਇਸ ਚੈਕਿੰਗ ਦੌਰਾਨ ਸਾਹਮਣੇ ਆਇਆ ਕਿ ਹਾਜ਼ਰੀ ਰਜਿਸਟਰ ਵੀ ਮੌਕੇ 'ਤੇ ਨਹੀਂ ਸੀ। ਉਨ੍ਹਾਂ ਹਦਾਇਤਾਂ ਦਿੱਤੀਆਂ ਕਿ ਰੋਜਾਨਾ ਟਰਾਲੀਆਂ ਦੀ ਪਰੋਗਰੈਸ ਰਿਪੋਰਟ ਨਾਲ ਨੱਥੀ ਕਰਕੇ ਪ੍ਰਫੋਰਮੇ 'ਚ ਸੈਨਟਰੀ ਇੰਸਪੈਟਰਾਂ ਨੂੰ ਰੋਜ਼ਾਨਾ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਠੇਕੇਦਾਰ ਵਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਉਲੰਘਣਾਂ ਕੀਤੀ ਗਈ ਤਾਂ ਜ਼ੁਰਮਾਨੇ ਵੀ ਲਾਏ ਜਾਣਗੇ।


ਸਮਾਗਮ ਵਿਚ ਸ਼ਾਮਿਲ ਬਲਬੀਰ ਸਿੰਘ ਬਿੱਟੂ, ਪਵਨ ਬਾਬਾ, ਮਲਕੀਤ ਸਿੰਘ ਸੁਭਾਨਾ, ਹਿਤੇਸ਼ ਗਰੇਵਾਲ, ਅਸ਼ੋਕ ਭੀਲ ਤੇ ਹੋਰ। ਤਸਵੀਰ: ਜੀ. ਪੀ. ਸਿੰਘ

# ਡਰਾਈਵਰ ਯੂਨੀਅਨ ਨੇ ਮਨਾਇਆ ਵਿਸ਼ਵਕਰਮਾ ਦਿਵਸ

ਜਲੰਧਰ, 28 ਅਕਤੂਬਰ (ਸ਼ਿਵ)-ਲੰਮਾ ਪਿੰਡ ਚੌਂਕ ਨਗਰ ਨਿਗਮ ਦੀ ਵਰਕਸ਼ਾਪ ਵਿਚ ਡਰਾਈਵਰ ਤੇ ਟੈਕਨੀਕਲ ਜੇ.ਸੀ.ਬੀ. ਆਪਰੇਟਰ ਯੂਨੀਅਨ ਵੱਲੋਂ ਅੱਜ ਵਿਸ਼ਵਕਰਮਾ ਦਿਹਾੜਾ ਮਨਾਇਆ ਗਿਆ। ਜਿਸ ਦੇ ਪ੍ਰਧਾਨ ਅਨਿਲ ਸਭਰਵਾਲ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ. ਪੰਜਾਬ ਸਫ਼ਾਈ ਕਮਿਸ਼ਨਰ ਦੇ ਚੇਅਰਮੈਨ ਚੰਦਨ ਗਰੇਵਾਲ, ਹਲਕਾ ਕੈਂਟ ਦੇ ਇੰਚਾਰਜ ਮੈਡਮ ਰਾਜਵਿੰਦਰ ਕੌਰ ਥਿਆੜਾ, ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਬਿੱਟੂ, ਡਿਪਟੀ ਮੇਅਰ ਮਲਕੀਤ ਸਿੰਘ ਸੁਭਾਨਾ ਤੋਂ ਇਲਾਵਾ ਇਨ੍ਹਾਂ ਵਿਚ ਮਿੰਟੂ ਜੁਨੇਜਾ, ਪ੍ਰਨੀਤ ਸਿੰਘ, ਐੱਚ.ਪੀ. ਸਿੰਘ, ਜਤਿੰਦਰ ਜਿੰਦ, ਗੁਰਚਰਨ ਸਿੰਘ, ਅਭਿਨਾਸ਼, ਚਰਨਜੀਤ, ਅਸ਼ੋਕ ਭੀਲ, ਹਿਤੇਸ਼ ਗਰੇਵਾਲ, ਜੁਗਲ ਕਿਸ਼ੋਰ, ਗੌਰਵ ਗਿੱਲ, ਰਵੀ ਸਭਰਵਾਲ, ਸ੍ਰੀ ਖ਼ਾਨ, ਛੋਟਾ ਰਾਜੂ, ਕਾਲੂ ਸੱਭਰਵਾਲ, ਹੀਰੋ ਸੱਭਰਵਾਲ ਹਾਜ਼ਰ ਸਨ।


ਵਿਦੇਸ਼ ਪ੍ਰਚਾਰ ਫੇਰੀ ਦੌਰਾਨ ਗਿਆਨੀ ਹਰਦੀਪ ਸਿੰਘ ਖਾਲਸਾ ਦੇ ਨੂੰ ਵਿਦਾਇਗੀ ਦਿੰਦੇ ਸਮੇਂ ਪ੍ਰਬੰਧਕ ਕਮੇਟੀ ਮੈਂਬਰ ਤੇ ਹੋਰ। ਅਜੀਤ:ਤਸਵੀਰ

# ਢਾਡੀ ਹਰਦੀਪ ਸਿੰਘ ਖ਼ਾਲਸਾ ਦਾ ਜਥਾ ਵਿਦੇਸ਼ ਫੇਰੀ ਤੋਂ ਵਤਨ ਵਾਪਸ ਪਰਤਿਆ

ਮਹਿਤਪੁਰ, 28 ਅਕਤੂਬਰ (ਲਖਵਿੰਦਰ ਸਿੰਘ)-ਪੰਥਕ ਪ੍ਰਸਿੱਧ ਇੰਟਰਨੈਸ਼ਨਲ ਗਿਆਨੀ ਹਰਦੀਪ ਸਿੰਘ ਖਾਲਸਾ ਦਾ ਢਾਡੀ ਜਥਾਂ ਵਿਦੇਸ਼ ਪ੍ਰਚਾਰਫੇਰੀ ਤੋਂ ਵਤਨ ਵਾਪਿਸ ਪਰਤਿਆ, ਜਿਸ ਸਬੰਧੀ ਜਾਣਕਾਰੀ ਦਿੰਦੇ ਗਿਆਨੀ ਹਰਦੀਪ ਸਿੰਘ ਖਾਲਸਾ ਨੇ ਦੱਸਿਆ ਕਿ ਜਥੇਂ ਵਲੋ ਅਸਟ੍ਰੇਲੀਆ ਦੇ ਵੱਖ-ਵੱਖ ਗੁਰੂਘਰ ਗੁਰੂ ਨਾਨਕ ਸਿੱਖ ਗੁਰਦੁਆਰਾ ਵਲਗੂਲਗਾ, ਬ੍ਰਿਸਬੇਨ, ਮੈਲਬੌਰਨ, ਸਿਡਨੀ ਆਦਿ ਸ਼ਹਿਰਾਂ ਦੇ ਗੁਰੂਘਰਾਂ ਵਿੱਚ ਹਾਜ਼ਰੀ ਭਰੀ ਗਈ ਅਤੇ ਗੁਰੂਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਜਥੇ ਦੇ ਮੈਂਬਰ ਢਾਡੀ ਹਰਦੀਪ ਸਿੰਘ ਸੁੰਨੜਕਲਾ, ਚਮਕੌਰ ਸਿੰਘ ਹੀਰਾ ਚੱਕ ਕਲਾ, ਸਾਰੰਗੀ ਮਾਸਟਰ ਬਲਵਿੰਦਰ ਸਿੰਘ ਉਪਲ ਨੂੰ ਬਹੁਤ ਮਾਣ ਸਤਿਕਾਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਵਿਦੇਸ਼ਾ ਵਿਚ ਵਸਦੀਆਂ ਸੰਗਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਤਾਬਦੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਣ ਦੀ ਸੰਗਤਾਂ ਨੂੰ ਅਪੀਲ ਕੀਤੀ ਗਈ।


ਸੀ.ਐਨ.ਆਈ. ਚਰਚ ਸ਼ਾਹਕੋਟ ਵਿਖੇ ਮਾਸਟਰ ਲਾਲ ਚੰਦ ਨਮਿਤ ਪ੍ਰਾਰਥਨਾ ਕਰਦੇ ਹੋਏ ਪਾਸਟਰ ਜਾਰਜ ਮਸੀਹ। ਤਸਵੀਰ: ਬਾਂਸਲ

# ਮਾਸਟਰ ਲਾਲ ਚੰਦ ਗਿੱਲ ਨਮਿਤ ਪ੍ਰਾਰਥਨਾ ਸਭਾ ਤੇ ਸ਼ਰਧਾਂਜਲੀ ਸਮਾਗਮ

ਸ਼ਾਹਕੋਟ, 28 ਅਕਤੂਬਰ (ਬਾਂਸਲ)-ਮਾਸਟਰ ਸਾਹਿਬ ਗਿੱਲ ਦੇ ਪਿਤਾ ਮਾਸਟਰ ਲਾਲ ਚੰਦ ਗਿੱਲ ਜੋ ਬੀਤੀ 20 ਅਕਤੂਬਰ ਨੂੰ ਦਿੱਲੀ ਦੇ ਇੱਕ ਹਸਪਤਾਲ ਵਿਚ ਇਲਾਜ ਦੌਰਾਨ ਸਦੀਵੀ ਵਿਛੋੜਾ ਦੇ ਗਏ ਸਨ, ਨਮਿਤ ਪ੍ਰਾਰਥਨਾ ਸਭਾ ਸਥਾਨਕ ਸਲੈਚਾਂ ਰੋਡ 'ਤੇ ਸਥਿਤ ਸੀ.ਐਨ.ਆਈ. ਚਰਚ ਵਿਖੇ ਆਯੋਜਿਤ ਕੀਤੀ ਗਈ। ਪ੍ਰਾਰਥਨਾ ਸਭਾ ਵਿਚ ਮੁੱਖ ਪ੍ਰਾਰਥਨਾ ਪਾਸਟਰ ਜਾਰਜ ਮਸੀਹ ਨੇ ਕੀਤੀ। ਉਹਨਾਂ ਤੋਂ ਇਲਾਵਾ ਪਾਸਟਰ ਰੁਬੀਨਾ ਜੌਰਜ, ਪਾਸਟਰ ਸੋਹਨ ਲਾਲ, ਪਾਸਟਰ ਬਿੰਦਰ ਅਤੇ ਸੋਸਿਨ ਮਸੀਹ ਕਪੂਰਥਲਾ ਨੇ ਵਿੱਛੜੀ ਰੂਹ ਲਈ ਪ੍ਰਾਰਥਨਾਵਾਂ ਕੀਤੀਆਂ ਅਤੇ ਇਸਾਈ ਮੱਤ ਅਨੁਸਾਰ ਜ਼ਿੰਦਗੀ ਤੇ ਮੌਤ ਦੇ ਫ਼ਲਸਫ਼ੇ ਦਾ ਵਿਸਥਾਰ ਨਾਲ ਵਰਨਣ ਕੀਤਾ। ਇਸ ਮੌਕੇ ਮਸੀਹੀ ਕਲੀਸੀਆਂ ਨੇ ਪ੍ਰਭੂ ਯਿਸ਼ੂ ਮਸੀਹ ਦੀਆਂ ਸਿੱਖਿਆਵਾਂ ਨੂੰ ਭਜਨ ਗਾਇਨ ਰਾਹੀਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਹੋਏ ਸ਼ਰਧਾਂਜਲੀ ਸਮਾਗਮ ਦੌਰਾਨ 'ਆਪ' ਦੇ ਘੱਟ ਗਿਣਤੀ ਵਿੰਗ ਦੇ ਸਕੱਤਰ ਡਾ. ਵਿਲੀਅਮ ਜੌਹਨ, ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਜਲੰਧਰ ਦੇ ਕਾਰਜਕਰਨੀ ਮੈਂਬਰ ਗਿਆਨ ਸੈਦਪੁਰੀ ਅਤੇ ਮੇਹਰ ਚੰਦ ਗਿੱਲ ਨੇ ਮਾਸਟਰ ਲਾਲ ਚੰਦ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਦਾ ਜ਼ਿਕਰ ਕਰਦਿਆਂ ਭਾਵ ਪੂਰਤ ਸ਼ਬਦਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ। ਮਾਸਟਰ ਲਾਲ ਚੰਦ ਦੇ ਪੁੱਤਰ ਸਾਹਿਬ ਗਿੱਲ ਨੇ ਪ੍ਰਾਰਥਨਾ ਸਭਾ ਵਿੱਚ ਸ਼ਾਮਿਲ ਹੋਣ ਵਾਲਿਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਪਾਸਟਰ ਜਸਵਿੰਦਰ ਗਿੱਲ ਨੇ ਮਾਸਟਰ ਲਾਲ ਚੰਦ ਵਲੋਂ ਸੀ.ਐਨ.ਆਈ. ਚਰਚ ਦੀ ਸਥਾਪਨਾ ਵਿਚ ਨਿਭਾਈ ਅਹਿਮ ਭੂਮਿਕਾ ਨੂੰ ਯਾਦ ਕੀਤਾ ਤੇ ਕਿਹਾ ਕਿ ਉਹ ਆਖ਼ਰੀ ਵਕਤ ਤੱਕ ਚਰਚ ਦੇ ਨਿਰਮਾਣ ਪ੍ਰਤੀ ਸਮਰਪਿਤ ਰਹੇ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਸੂਫ਼ੀ ਗਾਇਕ ਕੁਲਵਿੰਦਰ ਸ਼ਾਹਕੋਟੀ, ਬਚਨ ਲਾਲ ਸਾਬਕਾ ਸਰਪੰਚ ਪਿੰਡ ਬਾਹਮਣੀਆਂ, ਮਾਸਟਰ ਅੰਮ੍ਰਿਤਪਾਲ ਸਿੰਘ, ਮਾਸਟਰ ਸਵਰਨ ਸਿੰਘ ਸੰਗਤਪੁਰ, ਡਾ. ਇਕਬਾਲ ਭੱਟੀ, ਰਸ਼ੀਦ ਰਿਆਜ਼ੀ, ਪੰਜਾਬ ਕ੍ਰਿਸਚਨ ਮੂਵਮੈਂਟ ਦੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਸੁਧੀਰ ਨਾਹਰ, ਮਾਸਟਰ ਪ੍ਰਿਥੀਪਾਲ ਸਿੰਘ, ਡਾ. ਨਗਿੰਦਰ ਸਿੰਘ ਪ੍ਰੋਗਰਾਮ ਐਂਕਰ ਦੂਰਦਰਸ਼ਨ, ਦੀਪਕ ਕੁਮਾਰ ਆਦਿ ਹਾਜ਼ਰ ਸਨ।


ਸ਼ਰਧਾਂਜਲੀ ਭੇਟ ਕਰਦੇ ਹੋਏ ਡਾ. ਵਿਲੀਅਮ ਜੌਨ, ਗਿਆਨ ਸੈਦਪੁਰੀ, ਮੇਹਰ ਚੰਦ ਗਿੱਲ ਤੇ ਪਾਸਟਰ ਜਸਵਿੰਦਰ ਗਿੱਲ। ਤਸਵੀਰ: ਬਾਂਸਲ


ਆਮ ਆਦਮੀ ਪਾਰਟੀ ਮਹਿਲਾ ਵਿੰਗ ਗੁਰਾਇਆ ਵਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਲਈ ਨਵ-ਨਿਯੁਕਤ ਪ੍ਰਧਾਨਾਂ ਨਾਲ ਕ੍ਰਿਸ਼ਨਾ ਗਰੇਵਾਲ, ਪ੍ਰੀਤੀ ਸ਼ਰਮਾ, ਬਲਵਿੰਦਰ ਕੌਰ ਹੀਰ ਅਤੇ ਹੋਰ। ਤਸਵੀਰ:ਬਲਵਿੰਦਰ ਸਿੰਘ ਗੁਰਾਇਆ

# ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਮੀਟਿੰਗ, ਵੱਖ-ਵੱਖ ਵਾਰਡਾਂ ਦੇ ਪ੍ਰਧਾਨ ਨਿਯੁਕਤ

ਗੁਰਾਇਆ, 28 ਅਕਤੂਬਰ (ਬਲਵਿੰਦਰ ਸਿੰਘ)-ਇੱਥੇ ਆਮ ਆਦਮੀ ਪਾਰਟੀ ਮਹਿਲਾ ਵਿੰਗ ਵੱਲੋਂ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਦੀ ਅਗਵਾਈ ਮਹਿਲਾ ਵਿੰਗ ਬਲਾਕ ਪ੍ਰਧਾਨ ਕੌਂਸਲਰ ਬਲਵਿੰਦਰ ਕੌਰ ਹੀਰ (ਕਸ਼ਿਸ਼) ਨੇ ਕੀਤੀ। ਇਸ ਮੌਕੇ ਵੱਖ-ਵੱਖ ਵਾਰਡਾਂ ਦੇ ਮਹਿਲਾ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਗਈ। ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਮੈਡਮ ਕ੍ਰਿਸ਼ਨਾ ਗਰੇਵਾਲ ਜ਼ੋਨ ਇੰਚਾਰਜ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੇ ਦਿਸ਼ਾ ਨਿਰਦੇਸ਼ਾਂ 'ਤੇ ਐਡਵੋਕੇਟ ਪ੍ਰੀਤੀ ਸ਼ਰਮਾ ਜ਼ਿਲ੍ਹਾ ਪ੍ਰਧਾਨ ਅਤੇ ਕੋਆਰਡੀਨੇਟਰ ਵਿਧਾਨ ਸਭਾ ਹਲਕਾ ਫਿਲੌਰ ਬਲਜਿੰਦਰ ਕੌਰ ਵੀ ਪੁੱਜੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਲਾਕ ਪ੍ਰਧਾਨ ਬਲਵਿੰਦਰ ਕੌਰ ਹੀਰ ਅਤੇ ਐਡਵੋਕੇਟ ਪ੍ਰੀਤੀ ਸ਼ਰਮਾ ਨੇ ਕਿਹਾ ਕਿ ਸਰਕਾਰ ਵੱਲੋਂ ਮਹਿਲਾ ਵਿੰਗ ਲਈ ਕਈ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਇਹ ਪਹਿਲੀ ਇਸ ਤਰ੍ਹਾਂ ਦੀ ਸਰਕਾਰ ਹੈ ਜਿਸ ਨੇ ਮਹਿਲਾਵਾਂ ਨੂੰ ਅੱਗੇ ਆਉਣ ਲਈ ਵਧੀਆ ਮੌਕੇ ਪ੍ਰਦਾਨ ਕੀਤੇ ਹਨ। ਉਨ੍ਹਾਂ ਸਰਕਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਸਰਕਾਰ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਨਗੇ ਅਤੇ ਮਹਿਲਾਵਾਂ ਦੇ ਹੱਕਾਂ ਲਈ ਹਰ ਪੱਧਰ 'ਤੇ ਆਵਾਜ਼ ਉਠਾਉਣਗੇ। ਮੀਟਿੰਗ ਦੌਰਾਨ ਮਹਿਲਾ ਵਰਕਰਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਇਸ ਮੌਕੇ ਬਲਾਕ ਪ੍ਰਧਾਨ ਸੀਮਾ ਵਰਮਾ, ਸੀਮਾ ਰਾਣੀ ਪ੍ਰਧਾਨ ਵਾਰਡ ਨੰਬਰ 1, ਚੰਦਰੇਕਾ ਸ਼ਰਮਾ ਪ੍ਰਧਾਨ ਵਾਰਡ ਨੰਬਰ ਦੋ, ਮਨਜਿੰਦਰ ਕੌਰ ਪ੍ਰਧਾਨ ਵਾਰਡ ਨੰਬਰ ਤਿੰਨ, ਪ੍ਰਿਅੰਕਾ ਸ਼ਰਮਾ ਪ੍ਰਧਾਨ ਵਾਰਡ ਨੰਬਰ 10, ਦਲਜੀਤ ਕੌਰ ਪ੍ਰਧਾਨ ਵਾਰਡ ਨੰਬਰ 11, ਰੇਖਾ ਰਾਣੀ ਪ੍ਰਧਾਨ ਵਾਰਡ ਨੰਬਰ 12, ਰਚਨਾ ਸ਼ਰਮਾ ਪ੍ਰਧਾਨ ਨੰਬਰ ਵਾਰਡ 13, ਹਾਜ਼ਰ ਸਨ। ਕੌਂਸਲਰ ਬਲਵਿੰਦਰ ਕੌਰ ਹੀਰ (ਕਸ਼ਿਸ਼) ਦੇ ਪਤੀ ਸੀਨੀਅਰ ਆਪ ਆਗੂ ਸੰਜੀਵ ਕੁਮਾਰ ਹੀਰ ਵੱਲੋਂ ਸਾਰੇ ਹੀ ਵਾਰਡ ਪ੍ਰਧਾਨਾਂ ਨੂੰ ਮੁਬਾਰਕਾਂ ਦਿੱਤੀਆਂ।



ਜਿੰਮਖਾਨਾ ਆਫ਼ੀਸਰ ਵਾਈਫ਼ ਕਲੱਬ ਵੱਲੋਂ ਪ੍ਰੀਤੀ ਬਾਜਵਾ ਦੀ ਅਗਵਾਈ ਮਨਾਏ ਹੈਲੋਵਨ ਡੇ ਦਾ ਅਨੰਦ ਮਾਣਦੇ ਹੋਏ ਕਲੱਬ ਮੈਂਬਰ। ਤਸਵੀਰਾਂ ਮੁਨੀਸ਼

# ਜਿੰਮਖਾਨਾ ਆਫ਼ੀਸਰ ਵਾਈਫ ਕਲੱਬ ਨੇ ਮਨਾਇਆ ਹੈਲੋਵਨ ਡੇ

ਜਲੰਧਰ, 28 ਅਕਤੂਬਰ (ਹਰਵਿੰਦਰ ਸਿੰਘ ਫੁੱਲ)-ਜਿੰਮਖਾਨਾ ਆਫ਼ੀਸਰ ਵਾਈਫ਼ ਕਲੱਬ ਵੱਲੋਂ ਹੈਲੋਵਨ ਡੇ ਕਲੱਬ ਦੇ ਵਿਹੜੇ 'ਚ ਪ੍ਰੀਤੀ ਬਾਜਵਾ ਦੀ ਅਗਵਾਈ 'ਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿਚ ਕਲੱਬ ਦੇ ਸਮੂਹ ਮੈਂਬਰਾਂ ਨੇ ਹੈਲੋਵਨ ਨਾਲ ਸੰਬੰਧਿਤ ਪਹਿਰਾਵਿਆਂ 'ਚ ਸ਼ਿਰਕਤ ਕੀਤੀ। ਇਸ ਮੌਕੇ ਕਰਵਾਏ ਪ੍ਰੋਗਰਾਮ 'ਚ ਮੈਂਬਰਾਂ ਨੇ ਤੰਬੋਲਾ ਦਾ ਅਨੰਦ ਮਾਣਿਆ। ਉਪਰੰਤ ਕੈਟ ਵਾਕ ਕਰਵਾਈ ਗਈ ਜਿਸ ਵਿਚ ਅਨੇਜਾ ਅਤੇ ਬੇਬੀ ਕਾਹਲੋਂ ਨੇ ਸਪੈਸ਼ਲ ਇਨਾਮ ਜਿੱਤੇ। ਇਸ ਮੌਕੇ ਜੁਆਇੰਟ ਸੈਕਟਰੀ ਡਾ. ਪਰਮਜੀਤ ਕੌਰ, ਮਨੋਰੰਜਨ ਸਕੱਤਰ ਅਲਕਾ ਜਾਖੂ, ਖ਼ਜ਼ਾਨਚੀ ਨੀਲੂ ਅਤੇ ਡਾ. ਪਰਮਿੰਦਰ, ਸੈਕਟਰੀ ਬੇਬੀ ਕਾਹਲੋਂ ਤੋਂ ਇਲਾਵਾ ਵੱਡੀ ਗਿਣਤੀ 'ਚ ਕਲੱਬ ਮੈਂਬਰ ਹਾਜ਼ਰ ਸਨ। ਸਮਾਗਮ ਦੇ ਅੰਤ 'ਚ ਪ੍ਰੀਤੀ ਬਾਜਵਾ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ।


ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਲਸੂੜੀ ਵਿਖੇ ਸੈਮੀਨਾਰ ਦੌਰਾਨ ਸਾਂਝ ਕੇਂਦਰ ਲੋਹੀਆਂ ਦੇ ਏ.ਐੱਸ.ਆਈ. ਗੁਰਦੇਵ ਸਿੰਘ, ਸਾਂਝ ਕੇਂਦਰ ਸ਼ਾਹਕੋਟ ਦੇ ਐੱਚ.ਸੀ. ਸੁਖਵਿੰਦਰ ਸਿੰਘ, ਸਕੂਲ ਇੰਚਾਰਜ ਮੇਜਰ ਸਿੰਘ, ਸਟਾਫ਼ ਤੇ ਵਿਦਿਆਰਥੀ। ਤਸਵੀਰ- ਸੁਖਦੀਪ ਸਿੰਘ

# ਸਾਂਝ ਕੇਂਦਰ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਸੂੜੀ ਵਿਖੇ 'ਸਾਈਬਰ ਸੁਰੱਖਿਆ' ਸੰਬੰਧੀ ਸੈਮੀਨਾਰ

**ਵਿਦਿਆਰਥੀਆਂ ਨੂੰ ਸਾਂਝ ਕੇਂਦਰ ਦੀਆਂ ਸੇਵਾਵਾਂ ਬਾਰੇ ਵੀ ਕੀਤਾ ਜਾਗਰੂਕ**

ਸ਼ਾਹਕੋਟ, 28 ਅਕਤੂਬਰ (ਸੁਖਦੀਪ ਸਿੰਘ)-ਐੱਸ.ਐੱਸ.ਪੀ. ਜਲੰਧਰ (ਦਿਹਾਤੀ) ਹਰਵਿੰਦਰ ਸਿੰਘ ਵਿਰਕ ਅਤੇ ਜ਼ਿਲ੍ਹਾ ਕਮਿਉਨਿਟੀ ਪੁਲਿਸ ਅਫ਼ਸਰ ਜਲੰਧਰ (ਦਿਹਾਤੀ) ਮਨਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐੱਸ.ਆਈ. ਦਲਵਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਜਲੰਧਰ (ਦਿਹਾਤੀ) ਅਤੇ ਏ.ਐੱਸ.ਆਈ. ਨਰਿੰਦਰ ਸਿੰਘ ਸੁਪਰਵਾਈਜ਼ਰ ਜ਼ਿਲ੍ਹਾ ਸਾਂਝ ਐੱਸ.ਪੀ.ਸੀ. ਟਰੇਨਰ ਦੀ ਯੋਗ ਅਗਵਾਈ ਹੇਠ ਅੱਜ ਸ਼ਾਹਕੋਟ ਸਬ-ਡਵੀਜ਼ਨ ਅਧੀਨ ਸਾਂਝ ਕੇਂਦਰ ਸ਼ਾਹਕੋਟ ਤੇ ਲੋਹੀਆਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਲਸੂੜੀ ਵਿਖੇ ਸਕੂਲ ਇੰਚਾਰਜ ਮੇਜਰ ਸਿੰਘ (ਸਟੇਟ ਐਵਾਰਡੀ) ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਲਈ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਏ.ਐੱਸ.ਆਈ. ਗੁਰਦੇਵ ਸਿੰਘ ਸਾਂਝ ਕੇਂਦਰ ਲੋਹੀਆਂ ਅਤੇ ਐਚ.ਸੀ. ਸੁਖਵਿੰਦਰ ਸਿੰਘ ਸਾਂਝ ਕੇਂਦਰ ਸ਼ਾਹਕੋਟ ਵੱਲੋਂ ਵਿਦਿਆਰਥੀਆਂ ਨੂੰ ਕੌਮੀ ਸਾਈਬਰ ਸੁਰੱਖਿਆ, ਸਾਈਬਰ ਕ੍ਰਾਈਮ ਤੇ ਸਾਈਬਰ ਹੈਲਪਲਾਈਨ 1930 ਸੰਬੰਧੀ ਡਿਸਿਪਲਨ, ਟਰੈਫਿਕ ਨਿਯਮਾਂ ਦੀ ਪਾਲਣਾ ਕਰਨ, ਸਿਹਤ ਸੰਭਾਲ ਅਤੇ ਬੱਚਿਆਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ, ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਸਾਈਬਰ ਕ੍ਰਾਈਮ ਤੋਂ ਹੋਣ ਵਾਲੇ ਨੁਕਸਾਨਾਂ ਸੰਬੰਧੀ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਵੀ ਜਾਗਰੂਕ ਕੀਤਾ। ਇਸ ਮੌਕੇ ਏ.ਐੱਸ.ਆਈ. ਸ਼ਿੰਗਾਰਾ ਸਿੰਘ ਸਬ-ਡਵੀਜ਼ਨ ਸਾਂਝ ਕੇਂਦਰ ਸ਼ਾਹਕੋਟ, ਸਕੂਲ ਸਟਾਫ਼ 'ਚ ਹਰਪ੍ਰੀਤ ਕੌਰ, ਵੀਰਪਾਲ ਕੌਰ, ਪੂਜਾ, ਅਮਨਦੀਪ ਕੌਰ, ਕੰਵਲਜੀਤ ਕੌਰ, ਨਿਰਮਲ ਸਿੰਘ, ਕੰਵਰਮਨਵੰਤ ਸਿੰਘ, ਜਰਨੈਲ ਸਿੰਘ, ਪ੍ਰਦੀਪ ਭਟਾਰਾ ਆਦਿ ਹਾਜ਼ਰ ਸਨ।


ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਵਲੋਂ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਕਰਵਾਏ ਵਿੱਦਿਅਕ ਮੁਕਾਬਲਿਆਂ ਮੌਕੇ ਦੀ ਤਸਵੀਰ। ਤਸਵੀਰ : ਦਲਵਿੰਦਰ ਸਿੰਘ ਅੱਪਰਾ

# 'ਪਰਾਲੀ ਦੀ ਸੁਚੱਜੀ ਸੰਭਾਲ' ਵਿਸ਼ੇ ਤਹਿਤ ਕਰਵਾਏ ਭਾਸ਼ਨ, ਡਰਾਇੰਗ ਤੇ ਲੇਖ ਮੁਕਾਬਲੇ

ਅੱਪਰਾ, 28 ਅਕਤੂਬਰ (ਦਲਵਿੰਦਰ ਸਿੰਘ ਅੱਪਰਾ)-ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵਲੋਂ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਰਾਲੀ ਸੰਭਾਲ ਮੁਹਿੰਮ ਅਧੀਨ ਪਰਾਲੀ ਦੀ ਸੁਚੱਜੀ ਸੰਭਾਲ ਵਿਸ਼ੇ ਤਹਿਤ ਵਿਦਿਆਰਥੀਆਂ ਦੇ ਵਿਸ਼ੇਸ਼ ਮੁਕਾਬਲੇ ਕਰਵਾਏ ਗਏ। ਇਸ ਵਿਸ਼ੇਸ਼ ਪ੍ਰਤੀਯੋਗਤਾ ਮੌਕੇ ਜਗਮੇਲ ਸਿੰਘ ਸੰਧੂ ਮੁਖ ਮਹਿਮਾਨ ਵਜੋਂ ਹਾਜ਼ਰ ਸਨ ਅਤੇ ਸਕੂਲ ਦੇ 50 ਬੱਚਿਆਂ ਨੇ ਭਾਸ਼ਣ, ਡਰਾਇੰਗ ਅਤੇ ਲੇਖ ਮੁਕਾਬਲਿਆਂ 'ਚ ਭਾਗ ਲਿਆ। ਇਸ ਮੌਕੇ ਡਾ. ਲਖਵੀਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਫਿਲੌਰ ਨੇ ਵਿਸਥਾਰ ਸਹਿਤ ਬਿਨ੍ਹਾਂ ਅੱਗ ਲਾਏ ਪਰਾਲੀ ਦੀ ਸਾਂਭ ਸੰਭਾਲ ਕਰਨ ਵਾਰੇ ਸਰਕਾਰ ਦੇ ਯਤਨਾਂ ਦੀ ਜਾਣਕਾਰੀ ਦਿੱਤੀ ਅਤੇ ਅੱਗ ਲਗਾਉਣ ਦੇ ਕਾਰਨ ਹੋਣ ਵਾਲੇ ਨੁਕਸਾਨਾਂ ਪ੍ਰਤੀ ਜਾਗਰੂਕ ਕੀਤਾ। ਮੁਕਾਬਲਿਆਂ 'ਚ ਭਾਗ ਲੈਣ ਵਾਲੇ ਸਾਰੇ ਹੀ ਬੱਚਿਆਂ ਨੂੰ ਸਰਟੀਫਿਕੇਟ ਤੇ ਹੌਸਲਾ ਵਧਾਊ ਇਨਾਮ ਦਿੱਤੇ ਗਏ ਅਤੇ ਭਾਸਣ, ਡਰਾਇੰਗ ਤੇ ਲੇਖ ਮੁਕਾਬਲਿਆਂ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਤਕਸੀਮ ਕੀਤੇ ਗਏ। ਜਗਮੇਲ ਸਿੰਘ ਸੰਧੂ ਜਰਮਨ ਵਲੋਂ ਲੋੜਵੰਦ ਵਿਦਿਆਰਥੀਆਂ ਦੀ ਫੀਸ ਦੇ ਕੇ ਮੱਦਦ ਕੀਤੀ ਗਈ, ਇਸ ਲਈ ਸਕੂਲ ਪ੍ਰਬੰਧ ਵਲੋਂ ਜਗਮੇਲ ਸਿੰਘ ਸੰਧੂ ਜਰਮਨ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖੇਤੀਬਾੜੀ ਵਿਭਾਗ ਵਲੋਂ ਡਾਕਟਰ ਲਖਵੀਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਫਿਲੌਰ, ਬਲਕਾਰ ਸਿੰਘ ਐੱਸ.ਐੱਲ.ਏ., ਸੁਖਪਾਲ ਸਿੰਘ, ਕੁਲਦੀਪ ਕੌਰ, ਜਗਮੇਲ ਸਿੰਘ ਸੰਧੂ, ਸਕੂਲ ਕਮੇਟੀ ਚੇਅਰਮੈਨ ਕਮਲ ਕੁਮਾਰ, ਸਕੂਲ ਮੁਖੀ ਜਸਪਾਲ ਸੰਧੂ, ਮਨਦੀਪ ਸਿੰਘ, ਸ਼ਰਨਜੀਤ ਸਿੰਘ, ਅਰਵਿੰਦਰ ਸਿੰਘ, ਨੀਰੂ ਬਾਲਾ, ਨੈਂਸੀ ਰਾਣੀ, ਪ੍ਰੋਮਿਲਾ ਦੇਵੀ ਤੇ ਗੁਰਨਾਮ ਸਿੰਘ ਹਾਜ਼ਰ ਸਨ।



ਡੀ.ਆਰ.ਵੀ.,ਡੀ.ਏ.ਵੀ. ਪਬਲਿਕ ਸਕੂਲ ਫਿਲੌਰ ਐਮਪਥੀ ਕਲੱਬ ਵਲੋਂ ਇਕੱਤਰ ਕੀਤਾ ਸਾਮਾਨ ਲੋੜਵੰਦ ਬੱਚਿਆਂ ਨੂੰ ਵੰਡਦੇ ਹੋਏ। ਤਸਵੀਰ-ਸਤਿੰਦਰ ਸ਼ਰਮਾ

# ਡੀ.ਏ.ਵੀ. ਸਕੂਲ ਦੇ ਐਮਪਥੀ ਕਲੱਬ ਨੇ ਸਮਾਜ ਵਿਚ ਦਇਆ ਅਤੇ ਕਰੁਣਾ ਫੈਲਾਉਣ ਦੇ ਉਦੇਸ਼ ਨਾਲ ਦਿਲ ਜਿੱਤ ਲੈਣ ਵਾਲੀ ਮੁਹਿੰਮ ਦਾ ਕੀਤਾ ਆਗਾਜ਼

ਫਿਲੌਰ, 28 ਅਕਤੂਬਰ (ਸਤਿੰਦਰ ਸ਼ਰਮਾ)-ਸਥਾਨਕ ਡੀ.ਆਰ.ਵੀ., ਡੀ.ਏ.ਵੀ. ਪਬਲਿਕ ਸਕੂਲ ਫਿਲੌਰ ਦੇ ਐਮਪਥੀ ਕਲੱਬ ਵਲੋਂ ਸਮਾਜ ਵਿਚ ਦਇਆ ਅਤੇ ਕਰੁਣਾ ਫੈਲਾਉਣ ਦੇ ਉਦੇਸ਼ ਨਾਲ ਇਕ ਦਿਲ ਜਿੱਤ ਲੈਣ ਵਾਲੀ ਮੁਹਿੰਮ ਅਯੋਜਤ ਕੀਤੀ ਗਈ। ਵਿਦਿਆਰਥੀਆਂ ਅਤੇ ਸਟਾਫ਼ ਦੇ ਸਹਿਯੋਗ ਨਾਲ ਕਲੱਬ ਨੇ ਵੱਖ-ਵੱਖ ਕਿਸਮ ਦੇ ਖਾਣ-ਪੀਣ ਦੇ ਸਮਾਨ ਅਤੇ ਜ਼ਰੂਰੀ ਚੀਜ਼ਾਂ ਇਕੱਠੀਆਂ ਕੀਤੀਆਂ ਤੇ ਉਨ੍ਹਾਂ ਨੂੰ ਜੀ.ਪੀ.ਐਸ. ਗਰਲਜ਼ ਫਿਲੌਰ, ਸਰਕਾਰੀ ਪ੍ਰਾਇਮਰੀ ਸਕੂਲ ਫਿਲੌਰ, ਸ਼੍ਰੀ ਕ੍ਰਿਸ਼ਨ ਆਨੰਦ ਆਸ਼ਰਮ ਅਤੇ ਫਿਲੌਰ ਦੇ ਝੁੱਗੀ ਬਸਤੀ ਵਿਚ ਰਹਿਣ ਵਾਲੇ ਲੋੜਵੰਦ ਬੱਚਿਆਂ ਵਿਚ ਵੰਡਿਆ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਵਿਚ ਸਮਾਜਿਕ ਜ਼ਿੰਮੇਵਾਰੀ, ਦਿਆਲਤਾ ਅਤੇ ਸਹਿਯੋਗ ਦੀ ਭਾਵਨਾ ਵਿਕਸਿਤ ਕਰਨਾ ਸੀ। ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਨੇ ਐਮਪਥੀ ਕਲੱਬ ਵੱਲੋਂ ਕੀਤੇ ਸ਼ਲਾਘਾਯੋਗ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਵਿਦਿਆਰਥੀਆਂ ਨੂੰ ਸਮਾਜ ਵਿਚ ਸਕਾਰਾਤਮਕ ਯੋਗਦਾਨ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਇਆ-ਭਾਵ ਨਾਲ ਕੀਤੇ ਕਾਰਜ ਇਕ ਸਹਿਯੋਗੀ ਅਤੇ ਮਾਨਵਤਾ ਦੇ ਭਲੇ ਲਈ ਸਹਾਇਕ ਸਿੱਧ ਹੋ ਸਕਦੇ ਹਨ।

# ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਛੱਠ ਪੂਜਾ ਦੀ ਭਾਵਨਾ ਦਾ ਜਸ਼ਨ ਮਨਾਇਆ

ਜਲੰਧਰ, 28 ਅਕਤੂਬਰ ਅ.ਬ)-ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਨੇ ਵੱਖ-ਵੱਖ ਸ਼ਾਖਾਵਾਂ ਵਿੱਚ ਭਗਵਾਨ ਸੂਰਜ ਅਤੇ ਛਠੀ ਮਈਆ ਨੂੰ ਸਮਰਪਿਤ ਇੱਕ ਸਤਿਕਾਰਯੋਗ ਤਿਉਹਾਰ, ਛੱਠ ਪੂਜਾ ਨੂੰ ਮਾਣ ਨਾਲ ਮਨਾਇਆ, ਜਿਸ ਵਿੱਚ ਸ਼ੁਕਰਗੁਜ਼ਾਰੀ, ਉਮੀਦ ਅਤੇ ਸੱਭਿਆਚਾਰਕ ਵਿਰਾਸਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਵਿਦਿਆਰਥੀਆਂ ਨੇ ਸੂਰਜ ਦੇਵਤਾ ਨੂੰ ਪ੍ਰਾਰਥਨਾ ਕਰ, ਠੇਕੂਆ ਅਤੇ ਅਰਵ ਵਰਗੇ ਰਵਾਇਤੀ ਪਕਵਾਨ ਤਿਆਰ ਕਰਨ ਅਤੇ ਭਾਈਚਾਰਕ ਸੇਵਾ ਵਿੱਚ ਸ਼ਾਮਲ ਹੋਣ ਸਮੇਤ ਵੱਖ-ਵੱਖ ਰਸਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਵਿਦਿਆਰਥੀਆਂ ਨੇ ਖੁਸ਼ਹਾਲੀ ਅਤੇ ਤੰਦਰੁਸਤੀ ਲਈ ਭਗਵਾਨ ਸੂਰਜ ਦੇ ਆਸ਼ੀਰਵਾਦ ਦੀ ਮੰਗ ਕੀਤੀ। ਇਸ ਜਸ਼ਨ ਨੇ ਨਾਂ ਸਿਰਫ਼ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪਰੰਪਰਾਵਾਂ ਬਾਰੇ ਸਮਝ ਨੂੰ ਡੂੰਘਾ ਕੀਤਾ, ਸਗੋਂ ਵਿਭਿੰਨ ਸੱਭਿਆਚਾਰਕ ਅਭਿਆਸਾਂ ਲਈ ਸਦਭਾਵਨਾ ਅਤੇ ਸਤਿਕਾਰ ਨੂੰ ਵੀ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੇ ਇਸ ਤਿਉਹਾਰ ਦਾ ਭਰਪੂਰ ਆਨੰਦ ਮਾਣਿਆ।

# ਸ਼ੋਕ ਸਮਾਚਾਰ

ਅੱਪਰਾ, 28 ਅਕਤੂਬਰ (ਦਲਵਿੰਦਰ ਸਿੰਘ ਅੱਪਰਾ)-ਅੱਪਰਾ ਇਲਾਕੇ ਦੇ ਉੱਘੇ ਸ਼ਾਇਰ ਗੁਰਵਿੰਦਰ ਕੰਗ ਨੂੰ ਗਹਿਰਾ ਸਦਮਾ ਲੱਗਾ ਹੈ। ਬੀਤੇ ਦਿਨੀਂ ਉਨ੍ਹਾਂ ਦੇ ਸਹੁਰਾ ਸੋਹਣ ਸਿੰਘ ਢਿੱਲੋਂ ਪਿੰਡ ਮੰਡੀ ਦਾ ਦਿਹਾਂਤ ਹੋ ਗਿਆ। ਇਲਾਕੇ ਦੇ ਰਾਜਨੀਤਿਕ ਤੇ ਸਮਾਜਿਕ ਆਗੂਆਂ ਅਤੇ ਪੰਚਾਂ, ਸਰਪੰਚਾਂ ਨੇ ਗੁਰਵਿੰਦਰ ਕੰਗ ਅਤੇ ਢਿੱਲੋਂ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਸੋਹਣ ਸਿੰਘ ਢਿਲੋਂ ਨਮਿਤ ਅੰਤਮ ਅਰਦਾਸ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਪਿੰਡ ਮੰਡੀ ਵਿਖੇ 31 ਅਕਤੂਬਰ ਸ਼ੁੱਕਰਵਾਰ ਨੂੰ ਹੋਵੇਗੀ।

